## ਡਾਇਰੈਕਟਰ ਆਫ ਫੈਕਟਰੀਜ ਪੰਜਾਬ,
## ਐਸ.ਸੀ.ਓ.ਨੰ:87-88, ਸੈਕਟਰ 17-ਡੀ, ਚੰਡੀਗੜ੍ਹ।

ਸੇਵਾ ਵਿਖੇ,

ਮੈਸ: ਜੀ.ਵੀ.ਕੇ. ਪਾਵਰ (ਗੋਇੰਦਵਾਲ ਸਾਹਿਬ) ਲਿਮਟਿਡ
ਪਿੰਡ ਵੈਰੋਵਾਲ, ਪਿੰਡੀਆਂ ਹੋਠੀਆਂ, ਆਲਮਪੁਰ ਅਤੇ ਹੰਸਾਵਾਲਾ,
ਤਹਿਸੀਲ ਖਡੂਰ ਸਾਹਿਬ, ਜਿਲਾ ਤਰਨਤਾਰਨ।

ਨੰ: ਡਅਫ/ਮੇਗਾ/ਬੀ-150/
ਮਿਤੀ: ਚੰਡੀਗੜ੍ਹ:

ਵਿਸ਼ਾ:- ਫੈਕਟਰੀਜ ਐਕਟ, 1948 ਅਤੇ ਉਸ ਤਹਿਤ ਬਣੇ ਪੰਜਾਬ ਫੈਕਟਰੀ ਰੂਲਜ, 1952 ਅਧੀਨ ਅਦਾਰੇ ਦੇ ਪ੍ਰਸਤਾਵਿਤ ਨਕਸਿਆਂ ਦੀ ਪ੍ਰਵਾਨਗੀ ਬਾਰੇ।

*****

ਉਪਰੋਕਤ ਵਿਸ਼ੇ ਤੇ ਆਪ ਵਲੋਂ ਭੇਜੇ ਗਏ ਫੈਕਟਰੀ ਇਮਾਰਤ ਦੇ ਨਕਸ਼ੇ/ਫਾਰਮ ਪੰਜਾਬ ਫੈਕਟਰੀ ਰੂਲਜ, 1952 ਦੇ ਨਿਯਮ 3 ਏ ਅਤੇ ਨਿਯਮ 4 ਮੁਤਾਬਿਕ ਸਹੀ ਪਾਏ ਗਏ ਅਤੇ ਉਨ੍ਹਾਂ ਦੀ ਪ੍ਰਵਾਨਗੀ ਹੇਠ ਲਿਖੀਆਂ ਸ਼ਰਤਾਂ ਦੇ ਅਧਾਰ ਤੇ ਦਿੱਤੀ ਜਾਂਦੀ ਹੈ :-

1. ਭਵਿੱਖ ਵਿੱਚ ਅਦਾਰੇ ਦੀ ਇਮਾਰਤ ਜਾਂ ਮਸ਼ੀਨਰੀ ਵਿੱਚ ਵਾਧਾ ਕਰਨ ਤੋਂ ਪਹਿਲਾਂ ਵਾਧੇ ਦੇ ਨਕਸਿਆਂ ਦੀ ਡਾਇਰੈਕਟਰ ਆਫ ਫੈਕਟਰੀਜ, ਪੰਜਾਬ ਪਾਸੋਂ ਪੂਰਵ ਪ੍ਰਵਾਨਗੀ ਲੈਣੀ ਜਰੂਰੀ ਹੋਵੇਗੀ।
2. ਜੇਕਰ ਮੈਨੂੰਫੈਕਚਰਿੰਗ ਵਿੱਚ ਤਬਦੀਲੀ ਕੀਤੀ ਜਾਂਦੀ ਹੈ ਤਾਂ ਨਕਸ਼ੇ/ਫਾਰਮ ਦੁਬਾਰਾ ਡਾਇਰੈਕਟਰ ਆਫ ਫੈਕਟਰੀਜ, ਪੰਜਾਬ ਪਾਸੋਂ ਪ੍ਰਵਾਨ ਕਰਵਾਉਣੇ ਜਰੂਰੀ ਹਨ।
3. ਇਹ ਪ੍ਰਵਾਨਗੀ ਸਿਰਫ ਚੀਫ ਇੰਨਸਪੈਕਟਰ ਆਫ ਫੈਕਟਰੀਜ, ਪੰਜਾਬ ਵਲੋਂ ਫੈਕਟਰੀਜ ਐਕਟ, 1948 ਅਧੀਨ ਬਣੇ ਰੂਲਜ ਤਹਿਤ ਦਿੱਤੀ ਜਾਂਦੀ ਹੈ।
4. ਇਹ ਪ੍ਰਵਾਨਗੀ ਇਸ ਸ਼ਰਤ ਤੇ ਦਿੱਤੀ ਜਾਂਦੀ ਹੈ ਕਿ ਕੰਟਰੀ ਟਾਊਨ ਪਲੈਨਿੰਗ ਅਤੇ ਪੁੱਡਾ ਪਾਸੋਂ ਪ੍ਰਵਾਨਗੀ ਵੱਖਰੇ ਤੌਰ ਤੇ ਲੋੜ ਅਨੁਸਾਰ ਲੈਣੀ ਹੋਵੇਗੀ।
5. ਇਹ ਪ੍ਰਵਾਨਗੀ ਇਸ ਸ਼ਰਤ ਤੇ ਦਿੱਤੀ ਜਾਂਦੀ ਹੈ ਕਿ ਅਗਰ ਫੈਕਟਰੀ ਵਾਲੀ ਜਗ੍ਹਾ ਬਾਰੇ ਬਾਅਦ ਵਿੱਚ ਮਾਸਟਰ ਪਲਾਨ ਵੱਖਰੀ ਵਰਤੋਂ ਲਈ ਨਿਸ਼ਚਿਤ ਕੀਤਾ ਜਾਂਦਾ ਹੈ ਤਾਂ ਆਪ ਨੂੰ ਟਾਊਨ ਐਂਡ ਕੰਟਰੀ ਪਲੈਨਿੰਗ ਵਿਭਾਗ, ਪੰਜਾਬ ਵਲੋਂ ਦਿੱਤੇ ਹੁਕਮਾਂ ਅਨੁਸਾਰ ਫੈਕਟਰੀ ਉਸ ਜੋਨ ਵਿੱਚ ਸ਼ਿਫਟ ਕਰਨੀ ਪਵੇਗੀ।
6. ਇਹ ਪ੍ਰਵਾਨਗੀ ਮਿਲਣ ਤੇ ਬਿਨੈਕਾਰ ਫੈਕਟਰੀ ਸ਼ਿਫਟ ਕਰਨ ਦੀ ਹਾਲਤ ਵਿੱਚ ਇਸ ਵਿਭਾਗ ਤੋਂ ਕਿਸੇ ਵੀ ਤਰ੍ਹਾਂ ਦਾ ਕਲੇਮ ਲੈਣ ਦਾ ਇਸ ਅਧਾਰ ਤੇ ਹੱਕਦਾਰ ਨਹੀਂ ਹੋਵੇਗਾ ਕਿ ਇਸ ਵਿਭਾਗ ਵਲੋਂ ਉਸਦਾ ਨਕਸ਼ਾ ਪ੍ਰਵਾਨ ਕੀਤਾ ਗਿਆ ਹੈ।
7. ਪ੍ਰੋਪੋਜਡ ਇਮਾਰਤ ਦੀ ਉਸਾਰੀ ਤੋਂ ਬਾਦ ਸਟੇਬਿਲਟੀ ਸਰਟੀਫਿਕੇਟ ਦੀ ਮੰਜੂਰੀ ਵੱਖਰੇ ਤੌਰ ਤੇ ਲੈਣੀ ਹੋਵੇਗੀ।
8. ਇਹ ਪ੍ਰਵਾਨਗੀ ਇਸ ਸ਼ਰਤ ਤੇ ਦਿੱਤੀ ਜਾਂਦੀ ਹੈ ਕਿ ਐਸ.ਸੀ.ਏ-ਕਮ-ਐਸ.ਏ.ਸੀ ਵਲੋਂ ਜਾਰੀ ਥਾਂ ਦੀ ਪ੍ਰਵਾਨਗੀ ਦੇ ਪੱਤਰ ਨੰ: 5636 ਮਿਤੀ 22-06-2007 ਵਿੱਚ ਲਗਾਈਆਂ ਸ਼ਰਤਾਂ ਦੀ ਪਾਲਣਾ ਕਰਨੀ ਪਵੇਗੀ।
9. ਪ੍ਰੋਪੋਜਡ ਇਮਾਰਤ ਦੀ ਉਸਾਰੀ ਕਰਨ ਤੋਂ ਬਾਅਦ ਸੈਸ ਐਕਟ, 1996 ਅਨੁਸਾਰ ਬਣਦਾ ਫਾਈਨਲ ਸੈਸ ਸਬੰਧਤ ਅਥਾਰਟੀ ਪਾਸ ਜਮ੍ਹਾਂ ਕਰਵਾਉਣਾ ਪਵੇਗਾ।

ਇਸ ਪੱਤਰ ਦੀ ਪਹੁੰਚ ਰਸੀਦ ਭੇਜੀ ਜਾਵੇ।

ਨੱਥੀ/ਨਕਸ਼ੇ/ਫਾਰਮ

ਵਧੀਕ ਡਾਇਰੈਕਟਰ ਆਫ ਫੈਕਟਰੀਜ,
ਵਾਸਤੇ ਡਾਇਰੈਕਟਰ ਆਫ ਫੈਕਟਰੀਜ, ਪੰਜਾਬ।

ਪਿੱਠ ਅੰਕਣ ਨੰ: 1083-84
ਮਿਤੀ: ਚੰਡੀਗੜ੍ਹ: 24-1-13
ਉਪਰੋਕਤ ਦਾ ਇਕ ਉਤਾਰਾ ਹੇਠ ਲਿਖਿਆਂ ਨੂੰ ਭੇਜਿਆ ਜਾਂਦਾ ਹੈ:-

1. ਡਿਪਟੀ ਡਾਇਰੈਕਟਰ ਆਫ ਫੈਕਟਰੀਜ ਅੰਮ੍ਰਿਤਸਰ-2 ਨੂੰ ਪ੍ਰਵਾਨ ਕੀਤੇ ਨਕਸਿਆਂ ਦੇ ਸੈਟ ਸਮੇਤ।
2. ਡਿਪਟੀ ਕਿਰਤ ਕਮਿਸ਼ਨਰ (ਮੁੱਖ ਦਫਤਰ) ਨੋਡਲ ਅਫਸਰ ਨੂੰ ਵੈਬ ਸਾਈਟ ਤੇ ਲੋਡ ਕਰਾਉਣ ਲਈ।

ਵਧੀਕ ਡਾਇਰੈਕਟਰ ਆਫ ਫੈਕਟਰੀਜ,
ਵਾਸਤੇ ਡਾਇਰੈਕਟਰ ਆਫ ਫੈਕਟਰੀਜ, ਪੰਜਾਬ।

30/1/13